# ਗੁਰੂ ਨਾਨਕ - ਸਬਦ ੪੦
## ਜਤੁ ਪਾਹਾਰਾ ਧੀਰਜੁ ਸੁਨਿਆਰੁ ॥
## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੮

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਅਹਰਣਿ ਮਤਿ ਵੇਦੁ ਹਥੀਆਰੁ ॥
ਭਉ ਖਲਾ ਅਗਨਿ ਤਪ ਤਾਉ ॥
ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥
ਘੜੀਐ ਸਬਦੁ ਸਚੀ ਟਕਸਾਲ ॥
ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਨਾਨਕ ਨਦਰੀ ਨਦਰਿ ਨਿਹਾਲ ॥੩੮॥

**ਸਾਰ:** ਸੰਕੇਤਿਕ ਨੁਮਾਇੰਦਗੀ ਜਾਣਕਾਰੀ ਦੇਣ ਲਈ ਬਹੁਮੁਖੀ ਅਤੇ ਪ੍ਰਭਾਵਸ਼ਾਲੀ ਸਾਧਨ ਹੈ। ਕਿਸੇ ਵੀ ਰਚਨਾ ਅੰਦਰ ਇਸ ਵਿਧੀ ਦੀ ਵਰਤੋਂ ਗੁੰਝਲਦਾਰ ਵਿਚਾਰਾਂ ਨੂੰ ਅੰਤਰਸੰਬੰਧਿਤ ਅਤੇ ਆਸਾਨੀ ਨਾਲ ਸੰਚਾਰਿਤ ਕਰਨ ਲਈ ਕੀਤੀ ਜਾਂਦੀ ਹੈ। ਇਸ ਸ਼ਬਦ ਵਿੱਚ, ਪ੍ਰਤੀਕਵਾਦੀ ਸੰਦੇਸ਼ ਨੂੰ ਪੇਸ਼ ਕਰਨ ਅਤੇ ਸੰਕਲਪ ਦੇ ਪ੍ਰਵਾਹ ਨੂੰ ਬਿਹਤਰ ਸਮਝਣ ਲਈ ਬਾਹਰੀ ਰੂਪਰੇਖਾ ਦੀ ਵਰਤੋਂ ਕੀਤੀ ਗਈ ਹੈ।

ਜਤੁ ਪਾਹਾਰਾ ਧੀਰਜੁ ਸੁਨਿਆਰੁ ॥
ਸਹਿਣਸ਼ੀਲਤਾ ਨੂੰ ਲੋਹਾ ਢਾਲਣ ਵਾਲੀ ਭੱਠੀ ਦੀ ਤਰ੍ਹਾਂ ਅਤੇ ਧੀਰਜ ਨੂੰ ਸੁਨਿਆਰ ਵਾਂਗ ਵਸਾਓ।

ਅਹਰਣਿ ਮਤਿ ਵੇਦੁ ਹਥੀਆਰੁ ॥
ਮਨ ਨੂੰ ਲੋਹਾ ਠੋਕਣ ਵਾਲੀ ਆਹਨੀ ਦੀ ਤਰ੍ਹਾਂ ਅਤੇ ਰੂਹਾਨੀ ਗ੍ਰੰਥਾਂ ਨੂੰ ਸੰਦ ਵਾਂਗ ਘੜੋ ।

ਭਉ ਖਲਾ ਅਗਨਿ ਤਪ ਤਾਉ ॥
ਨਿਰਭੈਤਾ ਨੂੰ ਧੌਂਕਣ ਵਾਂਗ ਅਪਣਾਓ, ਧਿਆਨ ਨੂੰ ਅੱਗ ਦੀ ਗਰਮੀ ਵਾਂਗ।

ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ॥

ਆਪਣੇ ਆਪ ਨੂੰ ਸ਼ਰਧਾ ਦਾ ਅੰਮ੍ਰਿਤ ਰੱਖਣ ਵਾਲੇ ਬਰਤਨ ਵਾਂਗ ਢਾਲੋ।

ਘੜੀਐ ਸਬਦੁ ਸਚੀ ਟਕਸਾਲ ॥
ਆਲੋਚਨਾਤਮਕ ਸੋਚ ਨੂੰ ਘੜੋ ਜੋ ਵਿਚਾਰਾਂ ਦੇ ਸ਼ੁਧੀਕਰਨ ਲਈ ਗਿਆਨ ਪੈਦਾ ਕਰੇ, ਤਾਂ ਜੋ ਖ਼ਾਲਿਸ ਇਰਾਦਿਆਂ ਦੀ ਟਕਸਾਲ ਬਣੇ।

ਜਿਨ ਕਉ ਨਦਰਿ ਕਰਮੁ ਤਿਨ ਕਾਰ ॥
ਜਿਨ੍ਹਾਂ ਅੰਦਰ ਭਲਾਈ ਕੇਂਦਰਿਤ ਕਰਮ ਕਰਨ ਦੀ ਦੂਰਦਰਸ਼ਤਾ ਹੈ,

ਨਾਨਕ ਨਦਰੀ ਨਦਰਿ ਨਿਹਾਲ ॥੩੮॥
ਨਾਨਕ ਕਹਿੰਦੇ ਹਨ ਕਿ ਐਸੇ ਦੂਰਦ੍ਰਸ਼ੀ ਨੂੰ ਸੰਤੋਖ ਦੀ ਦ੍ਰਿਸ਼ਟੀ ਦੀ ਕਿਰਪਾ ਪ੍ਰਾਪਤ ਹੁੰਦੀ ਹੈ। (੩੮)

**ਤੱਤ:** ਗੁਰੂ ਨਾਨਕ ਬਿਬੇਕ ਪ੍ਰਾਪਤ ਕਰਨ ਲਈ ਚਿੰਤਨ ਅਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਦੇ ਹਨ, ਜੋ ਪਰਉਪਕਾਰੀ ਗੁਣਾਂ ਨੂੰ ਪ੍ਰਗਟ ਕਰਨ ਅਤੇ ਕਿਸੇ ਦੇ ਵਿਅਕਤਿਤਵ ਨੂੰ ਸੰਤੋਖ ਦਾ ਰੂਪ ਦੇਣ ਵਿੱਚ ਸਹਾਇਕ ਹੋ ਸਕੇ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**